# ਨਗਜ ਤੇਰੇ ਬੰਦੇ ਦੀਦਾਰੁ ਅਪਾਰੁ

**ਭੈਰਉ ਮਹਲਾ ੫ ॥**

ਇਹ ਸ਼ਬਦ (Hymn), ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਭੈਰਉ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ੧੧੩੭ ਅੰਕ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਪੰਚਮ ਪਾਤਸ਼ਾਹ ਨੇ ਬਚਨ ਕੀਤੇ ਹਨ ਕਿ ਪ੍ਰਭੂ ਪਰਮੇਸ਼ਰ ਦੇ ਜਨ, ਭਗਤ ਬੜੇ ਅਨਮੋਲ ਰਤਨ ਹੁੰਦੇ ਹਨ ਕਿਉਂਕਿ ਉਹ ਨਾਮ ਵਿਚ ਰੰਗੇ ਹੋਏ ਹਨ ਅਤੇ ਜੋ ਵੀ ਉਨ੍ਹਾਂ ਦੀ ਸੰਗਤਿ ਵਿਚ ਆਉਂਦਾ ਹੈ ਉਹ ਨਾਮ ਵਿਚ ਰੰਗਿਆ ਜਾਂਦਾ ਹੈ। ਇਸੇ ਕਰ ਕੇ ਹੀ ਅਜਿਹੇ ਭਗਤ ਜਨਾਂ ਦੇ ਦੀਦਾਰ, ਦਰਸ਼ਨ ਵੀ ਅਮੋਲਕ ਹਨ। ਕਾਰਣ ਇਹ ਕਿ ਵਾਹਗੁਰੂ ਦੇ ਨਾਮ ਤੋਂ ਬਿਨਾਂ, ਸਿਮਰਨ ਤੋਂ ਬਿਨਾਂ ਬਾਕੀ ਸਭ ਦੁਨੀਆਂ ਸੁਆਹ ਮਾਤਰ ਹੀ ਹੈ ਅਤੇ ਭਗਤਾਂ ਦੀ ਸੰਗਤਿ ਤੋਂ ਬਿਨਾਂ ਨਾਮ ਵਿਚ ਰੰਗਿਆ ਹੀ ਨਹੀਂ ਜਾ ਸਕਦਾ।

**ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥**
**ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥੧॥ ਰਹਾਉ ॥**

**ਅਰਥ :** ਹੇ ਵਾਹਿਗੁਰੂ ! ਤੇਰਾ ਨਾਮ ਖ਼ੂਬ ਹੈ, ਸ੍ਰੇਸ਼ਟ ਹੈ। ਖ਼ੂਬ ਦਾ ਭਾਵ, ਜਿਸ ਦੀ ਵਡਿਆਈ ਬਿਆਨ ਕਰਨ ਦੀ ਹਦ ਤੋਂ ਬਾਹਰ ਹੋਵੇ। ਪਰਮੇਸ਼ਰ ਦੇ ਨਾਮ ਜਪਣ ਦੀ ਇਕ ਵਾਰ ਨਹੀਂ, ਸਗੋਂ ਪੰਜ ਵਾਰ ਖ਼ੂਬ ਕਹਿ ਕੇ ਵਡਿਆਈ ਕੀਤੀ ਹੈ। **ਖ਼ੂਬ** ਤਾਂ ਇਕ ਵਾਰ ਕਹਿਣਾ ਵੀ ਵਡੀ ਵਡਿਆਈ ਹੈ, ਪਰ ਵਾਰ ਵਾਰ **ਖ਼ੂਬ** ਕਹਿਣਾ ਤਾਂ ਬਹੁਤ ਹੀ ਵਡੀ ਵਡਿਆਈ ਹੈ। ਠੀਕ ਉਸੇ ਤਰ੍ਹਾਂ ਜਿਵੇਂ ਪਰਮੇਸ਼ਰ/ਗੁਰੂ ਨੂੰ ਇਕ ਵਾਰ **ਵਾਹ** ਕਹਿ ਦੇਣਾ ਹੀ ਵਡਾ ਹੈ ਪਰ **ਵਾਹ ਵਾਹ..., ਵਾਹਗੁਰੂ ਵਾਹਗੁਰੂ ਵਾਹਗੁਰੂ...** ਦਾ ਰੱਟਾ ਲਗਾ ਕੇ ਪਰਮੇਸ਼ਰ/ਗੁਰੂ ਦੀ ਵਡਿਆਈ, **ਉਸ ਦੀ ਬੰਦਗੀ ਬਣ ਜਾਂਦੀ ਹੈ**।

ਸ੍ਰੀ ਗੁਰੂ ਅੰਗਦ ਦੇਵ ਸਾਹਿਬ ਦੇ ਬਚਨ ਹਨ, 'ਮੈਂ ਮਨੁਖ ਇਕ ਕੀੜੇ ਵਰਗਾ ਤੁੱਛ ਜੀਵ ਹਾਂ ਪਰ ਤੇਰੀ ਇਤਨੀ ਵਡੀ ਵਡਿਆਈ ਮੈਂ ਕਿਵੇਂ ਬਿਆਨ ਕਰ ਸਕਦਾ ਹਾਂ' – 'ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ॥', ਅੰਕ ੭੯੨. ਇਸ ਕਰਕੇ ਆਪਣੇ ਮਨ ਨੂੰ ਗੁਰਬਾਣੀ ਦਾ ਉਪਦੇਸ਼ ਹੈ ਕਿ ਉਸ ਗੁਰੂ ਨੂੰ ਵਾਰ ਵਾਰ ਜਪ – 'ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ॥' ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਉਪਦੇਸ਼ ਹੈ, ਇਸ ਕਰ ਕੇ ਉਸ ਪ੍ਰਭੂ ਨੂੰ **ਵਾਹ ਵਾਹ...** ਕਰ ਕੇ ਸਲਾਹੀ ਚਲੀਏ, ਜਿਸ ਵਰਗਾ ਹੋਰ ਕੋਈ ਹੈ ਹੀ ਨਹੀਂ – 'ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ॥', ਅੰਕ ੧੨੭੯. ਹੋਰ ਵੀ ਫ਼ੁਰਮਾਣ ਕੀਤਾ ਹੈ ਕਿ **ਵਾਹੁ ਵਾਹੁ...** ਕਰਨਾ ਪ੍ਰਭੂ ਦੀ ਸਿਫ਼ਤ ਸਲਾਹ ਹੈ, ਸਿਮਰਨ ਹੈ, ਜਿਸ ਬਾਰੇ ਕਿਸੇ ਵਿਰਲੇ ਨੂੰ ਗੁਰੂ ਅਨੁਸਾਰੀ ਹੋ ਕੇ, ਉਸਦੀ ਕਿਰਪਾ ਨਾਲ ਸਮਝ ਪੈਂਦੀ ਹੈ – 'ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ॥', ਅੰਕ ੫੧੪. 'ਵਾਹੁ' ਅਤੇ 'ਖੂਬੁ' ਦੋਨੋਂ ਲਫ਼ਜ਼ ਹੀ ਪ੍ਰਭੂ ਦੇ ਅਸੀਮ ਗੁਣਾਂ ਨੂੰ ਵਿਅਕਤ ਕਰਨ ਦੀ ਮਨੁਖ ਦੀ ਅਸਮਰੱਥਾ ਵਲ ਇਸ਼ਾਰਾ ਹਨ, ਜਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੀ ਬਚਨ ਕੀਤੇ ਹਨ ਕਿ ਪ੍ਰਭੂ ਦੇ ਕਿਹੜੇ ਕਿਹੜੇ ਗੁਣ ਬਿਆਨ ਕਰ ਕੇ ਸਿਫ਼ਤ ਕੀਤੀ ਜਾਏ, ਉਹ ਤਾਂ ਗੁਣਾਂ ਦਾ ਖ਼ਜ਼ਾਨਾ ਹੈ, ਉਸ ਦੀ ਮਹਿਮਾ ਬਿਆਨ ਕਰਨਾ ਮਨੁਖੀ ਸਮਰੱਥਾ ਤੋਂ ਬਾਹਰ ਹੈ, ਉਹ ਮਾਲਕ ਅਤਿ ਵਡਾ, ਉਚਾ ਭਗਵਾਨ ਹੈ – 'ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥ ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥', ਅੰਕ ੭੩੫. ਸ੍ਰੀ ਗੁਰੂ ਨਾਨਕ ਸਾਹਿਬ ਵਲੋਂ ਬਖ਼ਸ਼ਿਆ '**ਵਾਹਗੁਰੂ**' ਗੁਰ ਮੰਤਰ ਇਸੇ, ਉਪਰ ਬਿਆਨ ਕੀਤੀ ਭਾਵਨਾ ਨੂੰ ਦਰਸਾ ਰਿਹਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦੇ ਸਰਗੁਨ ਸਰੂਪ ਦੀ ਵੀ ਉਪਮਾ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਅਤਿਅੰਤ ਸੁੰਦਰ ਲਫ਼ਜ਼ ਵਰਤੇ ਹਨ, ਹੇ ਪ੍ਰਭੂ ! ਤੇਰੇ ਸੁੰਦਰ ਮਨਮੋਹਕ ਨੈਣ

ਹਨ, ਸੁੰਦਰ ਰਸੀਲੇ ਦੰਦ ਹਨ। ਸੋਹਣਾ ਤੇਰਾ ਨੱਕ ਹੈ ਅਤੇ ਲੰਮੇ ਤੇਰੇ ਕੇਸ ਹਨ। ਸੋਨੇ ਵਰਗਾ ਤੇਰਾ ਸਰੀਰ ਹੈ, ਜਿਵੇਂ ਪੰਘਰੇ ਹੋਏ ਲਿਸ਼ਕਦੇ ਸੋਨੇ ਨੂੰ ਢਾਲ ਕੇ ਬਣਾਇਆ ਹੋਵੇ, ਗਲ ਵਿਚ ਸੋਨੇ ਦੀ ਢਾਲੀ ਹੋਈ, ਸ੍ਰੀ ਕ੍ਰਿਸ਼ਨ ਜੀ ਵਾਲੀ ਮਾਲਾ ਹੈ। ਹੇ ਸਖੀਓ ! ਹੇ, ਜੀਵ ਇਸਤ੍ਰੀਓ ! ਮੇਰੀ ਇਹ ਸਿਖਿਆ ਸੁਣ ਲਉ ! ਇਸੇ ਪ੍ਰਭੂ ਦਾ ਜਾਪ ਕਰੋ, ਤਾਂ ਕਿ ਤੁਹਾਨੂੰ ਜਮ ਦੇ ਦੁਆਰ ਤੇ ਨਾ ਖੜੀਆਂ ਹੋਣਾ ਪਵੇ - 'ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥ ਕੰਚਨ ਕਾਇਆ ਸੁਇਨੇ ਕੀ ਢਾਲਾ॥ ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥ ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ॥'(ਮਹੇਲੀ - ਕੰਤ ਦੀ ਇਸਤਰੀ), ਅੰਕ ੫੬੭. ਅਗੋਂ ਹੋਰ ਵੀ ਬਿਆਨ ਹੈ ਕਿ ਹੇ ਵਾਹਿਗੁਰੂ ! ਤੇਰੀ ਤੋਰ ਬਹੁਤ ਸੁਹਾਵਣੀ, ਮਨ ਨੂੰ ਮੋਹ ਲੈਣ ਵਾਲੀ ਹੈ, ਤੇਰੇ ਬੋਲੀ, ਸ਼ਹਿਦ ਵਰਗੀ ਮਿਠੀ ਹੈ। ਕੋਇਲ ਦੇ ਕੂਕਣ ਵਰਗੀ ਤੇਰੀ ਅਵਾਜ਼ ਹੈ, ਹੀਰੇ ਵਰਗੀ ਅਨਮੋਲ ਤੇਰੀ ਚੜਦੀ ਚੰਚਲ ਮਦਮਸਤ, ਮਸਤ ਕਰ ਦੇਣ ਵਾਲੀ ਜੁਆਨੀ ਹੈ.. ਮਸਤ ਹਾਥੀ ਵਾਂਙ ਤੇਰੇ ਮਸਤ ਕਦਮ ਹਨ, ਜੋ ਸਾਨੂੰ ਮਸਤ ਕਰ ਦੇਣ ਵਾਲੇ ਹਨ - 'ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥ ਕੁਹਕਨਿ ਕੋਕਿਲਾ ਤਰਲ ਜੁਆਣੀ॥.. ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ॥' ਭਗਤ ਨਾਮਦੇਵ ਜੀ ਨੇ ਵੀ ਪ੍ਰਭੂ ਦੇ ਸਰਗੁਨ ਸਰੂਪ ਨੂੰ 'ਖੂਬ' ਕਹਿ ਕੇ ਸਿਫ਼ਤ ਕੀਤੀ ਹੈ। ਬਚਨ ਕਰਦੇ ਹਨ ਕਿ ਪ੍ਰਭੂ ਦੀ ਦਸਤਾਰ ਬਹੁਤ ਸੋਹਣੀ ਹੈ, ਬੋਲ ਬਹੁਤ ਮਿਠੇ ਹਨ। ਨੋਟ ਕਰਨ ਵਾਲੀ ਗਲ ਇਹ ਵੀ ਹੈ ਕਿ ਇਥੇ ਭਗਤ ਨਾਮਦੇਵ ਜੀ ਨੇ ਅਕਾਲ ਪੁਰਖ ਨੂੰ ਦਸਤਾਰ ਧਾਰੀ ਦਸਿਆ ਹੈ - 'ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥', ਅੰਕ ੭੨੭. ਚੇਤੇ ਰਹੇ ਕਿ ਗੁਰਮਤਿ ਅਨੁਸਾਰ ਪਰਮਾਤਮਾ ਨਿਰਗੁਣ ਵੀ ਹੈ ਅਤੇ ਸਰਗੁਣ ਵੀ, ਜਿਵੇ ਪੰਚਮ ਪਾਤਸ਼ਾਹ ਦੇ ਬਚਨ ਹਨ - 'ਨਿਰਗੁਨੁ ਆਪਿ ਸਰਗੁਨੁ ਭੀ ਓਹੀ॥', ਅੰਕ ੨੮੭. ਇਹ ਕਹਿਣਾ ਠੀਕ ਹੈ ਕਿ ਪੂਜਾ ਦਾ ਢੰਗ ਸਰਗੁਨ ਨਹੀਂ, ਸਿਰਫ਼ ਨਿਰਗੁਨ ਹੀ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਹੀ ਸਪੱਸ਼ਟ ਕਰ ਦਿਤਾ ਸੀ ਕਿ ਪੂਜਾ ਦਾ ਢੰਗ ਸਿਰਫ਼ ਨਾਮ ਜਪਣਾ ਹੈ, ਨਾਮ ਜਪੇ ਬਿਨਾ ਪੂਜਾ ਹੈ ਹੀ ਨਹੀਂ- 'ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥', ਅੰਕ ੪੮੯.

ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥੧॥ ਰਹਾਉ ॥

**ਅਰਥ :** ਦੂਜੇ ਪਾਸੇ, ਦੁਨੀਆਂ ਦਾ ਗੁਮਾਨ, ਮਾਣ ਹੰਕਾਰ ਝੂਠਾ ਹੈ, ਭਾਵ, ਨਾਸ਼ਵੰਤ ਹੈ। ਦੁਨੀਆਂ ਵਿਚ ਧਨ, ਸੰਪਦਾ, ਰਿਸ਼ਤੇਦਾਰੀਆਂ, ਪਦਵੀਆਂ, ਜੁਆਨੀ, ਆਪਣੀ ਤਾਕਤ, ਸੁੰਦਰਤਾ ਆਦਿ ਸ਼ਾਮਲ ਹਨ। ਚਾਰ ਵਾਰ 'ਝੂਠੁ' ਲਫ਼ਜ਼ ਵਰਤ ਕੇ 'ਦੁਨੀ ਗੁਮਾਨ' ਦੇ ਵਿਅਰਥ ਹੋਣ ਨੂੰ ਦ੍ਰਿੜ ਕੀਤਾ ਹੈ। ਪੰਜ ਵਾਰ 'ਖੂਬੁ' ਲਫ਼ਜ਼ ਨੂੰ ਅਤੇ ਚਾਰ ਵਾਰ 'ਝੂਠੁ' ਲਫ਼ਜ਼ ਨੂੰ ਵਰਤ ਕੇ ਪਰਮੇਸ਼ਰ ਦੀ ਵਡਿਆਈ 'ਖੂਬੁ' ਹੋਣ ਦਾ ਦਰਜਾ ਉਚਾ ਰਖਿਆ ਹੈ।੧।ਰਹਾਉ।

ਅਭਿਮਾਨ, ਭਾਵੇਂ, ਰਾਜ ਦਾ ਹੋਵੇ, ਜੁਆਨੀ, ਸੁੰਦਰਤਾ ਦਾ, **ਚੰਗੇ ਅਮਲਾਂ ਦਾ**, ਧਨ ਦਾ ਜਾਂ ਭੂਮੀ ਜਾਇਦਾਦ ਆਦਿ ਦਾ, ਸਾਰੇ ਹੀ ਵਿਅਰਥ ਹਨ, ਮੂਰਖਤਾ, ਅਗਿਆਨਤਾ ਹਨ, ਆਵਾਗਮਨ ਦੇ ਗੇੜ ਦਾ ਕਾਰਣ ਬਣਦੇ ਹਨ। ਪੰਚਮ ਪਾਤਸ਼ਾਹ ਦੇ ਬਚਨ ਹਨ - 'ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥ ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥ ਆਪਸ ਕਉ ਕਰਮਵੰਤੁ ਕਹਾਵੈ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥ ਧਨ ਭੂਮਿ ਕਾ ਜੋ ਕਰੈ ਗੁਮਾਨੁ॥ ਸੋ ਮੂਰਖੁ ਅੰਧਾ ਅਗਿਆਨੁ॥', ਅੰਕ ੨੭੮. ਹੋਰ ਫ਼ੁਰਮਾਣ ਕਰਦੇ ਹਨ ਕਿ ਅਤੀ ਸੁੰਦਰ ਹੋਣ ਦਾ, ਉਚੀ ਕੁਲ, ਸਿਆਣਪ, ਵਿਦਵੱਤਾ, ਧਨੀ ਹੋਣ ਦੇ ਮਾਣ ਸਭ ਵਿਅਰਥ ਹਨ। ਇਨ੍ਹਾਂ ਸਭ ਦੇ ਹੁੰਦਿਆਂ ਹੋਇਆਂ ਵੀ ਮਨੁਖ ਮੁਰਦੇ ਸਮਾਨ ਹੈ ਜੇ ਪ੍ਰਭੂ ਨਾਲ ਪ੍ਰੀਤ ਨਹੀ - 'ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥', ਅੰਕ ੨੫੩. ਭਗਤ ਕਬੀਰ ਜੀ

ਨੇ ਸਰੀਰਕ ਸੁੰਦਰ ਮਨੁਖ ਨੂੰ ਵੀ ਕੁਬਾ ਅਤੇ ਕੋਝਾ ਕਿਹਾ ਹੈ ਜੋ ਨਾਮ ਸਿਮਰਨ ਤੋਂ ਵਿਹੂਣਾ ਹੈ - 'ਕਹੁ ਕਬੀਰ ਜੈਸੇ ਸੁੰਦਰ ਸਰੂਪ॥ ਨਾਮ ਬਿਨਾ ਜੈਸੇ ਕੁਬਜ ਕੁਰੂਪ॥', ਅੰਕ ੩੨੮.

**ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ॥**

**ਨਾਮ ਬਿਨਾ ਸਭ ਦੁਨੀਆ ਛਾਰੁ ॥੧॥**

**ਅਰਥ :** ਹੇ ਵਾਹਗੁਰੂ ! ਤੇਰੇ ਬੰਦੇ, ਤੇਰੇ ਭਗਤ, ਤੇਰੇ ਜਨ, ਜੋ ਤੇਰਾ ਨਾਮ ਜਪਦੇ, ਜਪਾਉਂਦੇ ਹਨ, ਉਹ ਤੇਰੇ ਰਤਨ ਹਨ, ਸਰਵ ਸ੍ਰੇਸ਼ਟ ਹਨ। ਅਜਿਹੇ ਤੇਰੇ ਭਗਤਾਂ ਦੇ ਦੀਦਾਰਾਂ, ਦਰਸ਼ਨਾਂ ਦੀ ਮਹਿਮਾ ਬੇਅੰਤ ਹੈ, ਉਨ੍ਹਾਂ ਦੇ ਦਰਸ਼ਨ ਅਨਮੋਲ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਸਪੱਸ਼ਟ ਬਚਨ ਹਨ ਕਿ ਜਿਨ੍ਹਾਂ ਭਗਤ ਜਨਾਂ ਦੇ ਚੋਲੇ, ਸਰੀਰ ਅਤੇ ਮਨ ਵਾਹਿਗੁਰੂ ਦੇ ਨਾਮ ਨਾਲ ਰੰਗੇ ਹੋਏ ਹਨ, ਉਹ ਮਾਲਕ, ਕੰਤ ਪ੍ਰਭੂ ਉਨ੍ਹਾਂ ਨਾਲ ਹੀ ਵਸਦਾ ਹੈ, ਇਸ ਕਰਕੇ ਅਰਦਾਸ ਕਰਨੀ ਬਣਦੀ ਹੈ ਕਿ ਜੇ ਅਜਿਹੇ ਰੰਗ-ਰਤਿਆਂ ਦੇ ਚਰਨਾਂ ਦੀ ਧੂੜ ਮਿਲ ਜਾਏ ਤਾਂ ਜੀਅ ਕਰਕੇ, ਸ਼ੁਕਰ ਕਰ ਕੇ ਲੈ ਲਈਏ - 'ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥', ਪੰਨਾ ੭੨੨. ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਭਗਤ ਜਨਾਂ ਦੇ ਮੁਖਾਰਬਿੰਦ ਦੇ ਦਰਸ਼ਨਾਂ ਦੀ ਮਹਿਮਾ ਕਰਦੇ ਹੋਏ ਬਚਨ ਕੀਤੇ ਹਨ ਕਿ ਭਵਸਾਗਰ ਪਾਰ ਕਰਨ ਲਈ ਭਗਤ ਜਨਾਂ ਦੇ ਦਰਸ਼ਨ ਲੁੜੀਂਦੇ ਹਨ, mandatory ਹਨ। ਕਿਉਂਕਿ ਭਗਤ, ਵਾਹਗੁਰੂ ਦੀ ਕਿਰਪਾ ਨਾਲ ਹੀ ਬਣਦਾ ਹੈ - 'ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ॥', ਅੰਕ ੫੫੦. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਅਨੁਸਾਰ, ਭਗਤ ਜਨ ਜਗਤ ਵਿਚ ਉਨ੍ਹਾਂ ਦੇ ਉਧਾਰ ਕਰਨ ਹਿਤ ਦੁਨੀਆਂ ਵਿਚ ਆਉਂਦੇ ਹਨ ਜਿਨ੍ਹਾਂ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਲਗੀ ਹੁੰਦੀ ਹੈ। ਜੋ ਜਨ, ਮਨੁਖ ਅਜਿਹੇ ਭਗਤਾਂ ਦੀ ਸਰਣ ਪੈ ਜਾਂਦੇ ਹਨ ਉਹ ਭਵਸਾਗਰ ਤਰ ਜਾਂਦੇ ਹਨ, ਉਨ੍ਹਾਂ ਦੀ ਸੰਗਤਿ ਕਰਨ ਨਾਲ ਪ੍ਰਭੂ ਦਰਸ਼ਨਾਂ ਦੀ ਆਸ ਪੂਰਨ ਹੋ ਜਾਂਦੀ ਹੈ। ਇਸ ਕਰਕੇ ਹੇ ਪ੍ਰਭੂ ! ਮੇਰੇ ਤੇ ਕਿਰਪਾ ਕਰੋ ਕਿ ਮੈਂ ਭਗਤ ਜਨਾਂ ਦੇ ਚਰਨਾਂ ਦੀ ਧੂੜ ਬਣ ਜਾਵਾਂ, ਉਨ੍ਹਾਂ ਦੇ ਚਰਨਾਂ ਨਾਲ ਲਗੇ ਰਹਿਣ ਕਰ ਕੇ ਨਿਹਾਲ ਹੋ ਜਾਵਾਂ - 'ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ॥ ਉਨ ਕੀ ਸਰਣਿ ਪਰੈ ਸੋ ਤਰਿਆ ਸੰਤ ਸੰਗਿ ਪੂਰਨ ਆਸਾ॥ ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ॥ ਭਗਤਨ ਕੀ ਰੇਣੁ ਹੋਇ ਮਨੁ ਮੇਰਾ ਹੋਹੁ ਪ੍ਰਭੂ ਕਿਰਪਾਲਾ॥', ਪੰਨਾ ੨੦੭. ਹੋਰ ਫ਼ੁਰਮਾਣ ਕਰਦੇ ਹਨ ਕਿ ਮਨੁਖ ਪ੍ਰਭੂ ਦਾ ਨਾਮ ਵੀ ਸੰਤ ਜਨਾਂ ਦੀ ਕਿਰਪਾ ਸਦਕਾ ਹੀ ਜਪ ਸਕਦਾ ਹੈ, ਇਸ ਲਈ ਉਨ੍ਹਾਂ ਦਾ ਦਰਸ਼ਨ ਹੀ ਅਸਲ ਪੂਰਨ ਇਸ਼ਨਾਨ ਹੈ - 'ਸੰਤ ਕਾ ਦਰਸੁ ਪੂਰਨ ਇਸਨਾਨੁ॥ ਸੰਤ ਕ੍ਰਿਪਾ ਤੇ ਜਪੀਐ ਨਾਮੁ॥', ਅੰਕ ੧੯੯. ਹੋਰ ਫ਼ੁਰਮਾਣ ਕਰਦੇ ਹਨ ਕਿ ਨਾਮ ਦਾ ਬੇਅੰਤ ਖ਼ਜ਼ਾਨਾ ਭਗਤਾਂ ਦੇ ਹਿਰਦੇ ਵਿਚ ਹੁੰਦਾ ਹੈ, ਉਥੋਂ ਇਹ ਖ਼ਜ਼ਾਨਾ ਮਿਲਣ ਤੇ ਜਨਮ ਮਰਣ ਅਤੇ ਮੋਹ ਆਦਿ ਦਾ ਵਡਾ ਦੁਖ, ਉਨ੍ਹਾਂ ਦੀ ਸੰਗਤਿ ਨਾਲ ਕਟਿਆ ਜਾਂਦਾ ਹੈ - 'ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ॥ ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ॥', ਅੰਕ ੭੬੧.

ਭਗਤਾਂ ਦੇ ਦਰਸ਼ਨਾਂ ਦੀ ਮਹਿਮਾ ਭਗਤ ਕਬੀਰ ਜੀ ਨੇ ਇੰਞ ਗਾਈ ਹੈ ਕਿ ਉਨ੍ਹਾਂ ਦੇ ਦਰਸ਼ਨ ਮਾਤਰ ਨਾਲ ਹੀ ਮਨੁਖ ਪਵਿਤਰ ਪਵਿਤਰ ਪਵਿਤਰ ਹੋ ਜਾਂਦਾ ਹੈ ਅਤੇ ਮਿਲਣ ਨਾਲ ਨਾਮ ਜਪਣ ਲਗ ਜਾਂਦਾ ਹੈ, ਇਸ ਲਈ ਸੰਤ ਜਨਾਂ ਦੇ ਵਲ ਜਾਣਾ ਨਾ ਛਡੀਏ, ਉਨ੍ਹਾਂ ਦੇ ਮਾਰਗ ਤੇ ਚਲੀਏ - 'ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ॥ ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ॥', ਅੰਕ ੧੩੭੧. ਭਗਤ ਜੀ ਤਾਂ ਭਗਤ ਨਾਮਦੇਵ ਜੀ ਦੇ ਹਵਾਲੇ ਨਾਲ ਇਲਾਹੀ ਨਿਰਨਾ ਹੀ ਸੁਣਾ ਦਿਤਾ ਹੈ ਕਿ ਜੋ ਕੋਈ ਵੀ ਪ੍ਰਭੂ ਨੂੰ ਮਿਲਣਾ ਲੋਚਦੇ ਹਨ ਪਰ ਭਗਤ ਜਨਾਂ ਨੂੰ ਨਹੀਂ ਚੀਨਦੇ, ਪਛਾਣਦੇ, ਅਨੁਸਾਰੀ ਬਣਦੇ, ਉਹ ਭਗਤ ਦੀ ਵਿਚੋਲਗੀ ਤੋਂ

ਬਿਨਾਂ ਪ੍ਰਭੂ ਪ੍ਰਾਪਤੀ ਕਿਵੇਂ ਕਰ ਸਕਦੇ ਹਨ ! ਭਾਵ, ਉਨ੍ਹਾਂ ਦੀ ਵਿਚੋਲਗੀ ਤੋਂ ਬਿਨਾਂ ਪ੍ਰਭੂ ਪ੍ਰਾਪਤੀ ਅਸੰਭਵ ਹੈ - 'ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ॥ ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ॥', ਅੰਕ ੧੩੭੭.

ਅਗਲੀ ਪੰਕਤੀ ਹੈ : ਨਾਮ ਬਿਨਾ ਸਭ ਦੁਨੀਆ ਛਾਰੁ ॥੧॥

**ਅਰਥ :** ਭਗਤਾਂ ਦੇ ਦੀਦਾਰ ਦੀ ਮਹਿਮਾ ਅਪਾਰ ਹੈ ਕਿਉਂਕਿ ਨਾਮ ਜਪਣਾ ਉਨ੍ਹਾਂ ਦੀ ਸੰਗਤਿ ਨਾਲ ਹੀ ਸੰਭਵ ਹੈ ਅਤੇ ਨਾਮ ਤੋਂ ਬਿਨਾਂ, ਇਹ ਸਭ ਜਗਤ, ਸੁਆਹ ਵਾਂਙ ਹੈ।੧।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਧਨ ਨਹੀਂ, ਸਭ ਕੁਝ ਜ਼ਹਿਰ ਹੈ, ਸੁਆਹ ਹੈ - 'ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ॥', ਅੰਕ ੧੪੧. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਇਕ ਵਾਹਿਗੁਰੂ ਦੇ ਸਚੇ ਨਾਮ ਤੋਂ ਬਿਨਾਂ ਹੋਰ ਜੋ ਕੁਝ ਵੀ ਦਿਸਦਾ ਹੈ, ਦ੍ਰਿਸ਼ਟਮਾਨ ਜਗਤ ਹੈ, ਸਭ ਸੁਆਹ ਹੀ ਹੈ - 'ਏਕ ਸਾਚੇ ਨਾਮ ਬਾਝਹੁ ਸਗਲ ਦੀਸੈ ਛਾਰੁ॥', ਪੰਨਾ ੪੦੫.

**ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥**
**ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ ॥੨॥**

**ਅਰਥ :** ਹੇ ਵਾਹਿਗੁਰੂ ! ਤੇਰੀ ਕੀਤੀ ਹੋਈ ਸਾਰੀ ਕੁਦਰਤ, ਰਚਨਾ ਬਹੁਤ ਹੀ ਹੈਰਾਨੀ ਪੈਦਾ ਕਰਨ ਵਾਲੀ ਹੈ ਅਤੇ ਜਿਥੇ ਜਿਥੇ ਵੀ ਤੂੰ ਚਰਨ ਧਰਦਾ ਹੈ ਉਹ ਥਾਂ ਸਲਾਹੁਣ ਯੋਗ ਹੋ ਜਾਂਦੇ ਹਨ, ਤੇਰੇ ਕਦਮ ਹੀ ਸਿਫ਼ਤਾਂ-ਭਰਪੂਰ ਹਨ।
ਇਸੇ ਲਈ ਤੀਰਥ ਪੈਦਾ ਕਰਨ ਵਾਲੇ ਭਗਤ, ਹਰੀ ਦੇ ਦਾਸ ਨੂੰ, ਭਗਤ ਕਬੀਰ ਜੀ ਨੇ ਤੀਰਥ ਤੋਂ ਵਡਾ ਦਸਿਆ ਹੈ - 'ਤੀਰਥੁ ਬਡਾ ਕਿ ਹਰਿ ਕਾ ਦਾਸੁ॥', ਅੰਕ ੩੩੧. 'ਅਚਰਜੁ ਤੇਰੀ ਕੁਦਰਤਿ' - ਭਾਈ ਗੁਰਦਾਸ ਜੀ ਨੇ ਵੀ ਪਰਮੇਸ਼ਰ ਅਤੇ ਉਸ ਦੀ ਲੀਲਾ ਨੂੰ ਹੈਰਾਨੀਜਨਕ ਕਿਹਾ ਹੈ - 'ਅਚਰਜ ਨੋ ਅਚਰਜ ਹੈ ਹੈਰਾਣ ਕਰਾਏ॥', ਵਾਰ ੯:੧੩.

ਅਗਲੀ ਪੰਕਤੀ ਹੈ - ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ :

**ਅਰਥ :** ਹੇ ਸਦਾ ਥਿਰ ਰਹਿਣ ਵਾਲੇ ਸਚੇ ਪਾਤਸ਼ਾਹ ! ਤੇਰੀਆਂ ਸਿਫ਼ਤਾਂ ਦਾ ਖ਼ਜ਼ਾਨਾ ਵਡਾ ਹੈ।੨। ਸ੍ਰੀ ਗੁਰੂ ਨਾਨਕ ਸਾਹਿਬ ਨੇ 'ਜਪੁ' ਬਾਣੀ ਵਿਚ ਬਚਨ ਕੀਤੇ ਹਨ ਪ੍ਰਭੂ ਦੀ ਸਿਫ਼ਤ ਦਾ ਕੋਈ ਅੰਤ ਪਾਰਾਵਾਰ ਨਹੀਂ - 'ਅੰਤੁ ਨ ਸਿਫਤੀ ਕਹਣਿ ਨ ਅੰਤੁ॥' ਆਸਾ ਰਾਗ ਵਿਚ ਫ਼ੁਰਮਾਣ ਕਰਦੇ ਹਨ ਕਿ ਤੇਰੀਆਂ ਸਿਫ਼ਤਾਂ ਦਾ ਭੰਡਾਰ ਇਤਨਾ ਵਡਾ ਹੈ ਕਿ ਬਿਆਨ ਕਰਨ ਲਗਿਆਂ, ਜੀਵ ਵਿਚਾਰਾ ਕੀ ਬਿਆਨ ਕਰ ਸਕਦਾ ਹੈ ! - 'ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥', ਅੰਕ ੯. ਹੋਰ ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਦੀ ਸਿਫ਼ਤ ਸਲਾਹ ਸਚੀ ਹੈ, ਉਸ ਸਚੇ ਪਾਤਿਸ਼ਾਹ ਦੀ ਕੁਦਰਤ ਵੀ ਸਚੀ ਹੈ - 'ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥', ਪੰਨਾ ੪੬੩.

**ਨੀਧਰਿਆ ਧਰ ਪਨਹ ਖੁਦਾਇ ॥**
**ਗਰੀਬ ਨਿਵਾਜੁ ਦਿਨੁ ਰੈਣਿ ਧਿਆਇ ॥੩॥**

**ਅਰਥ :** ਹੇ ਖ਼ੁਦਾ ! ਜਿਨ੍ਹਾਂ ਦੇ ਵਲ ਕੋਈ ਨਹੀਂ ਹੁੰਦਾ, ਤੂੰ ਉਨ੍ਹਾਂ ਵਲ ਹੁੰਦਾ ਹੈਂ, ਉਨ੍ਹਾਂ ਦੀ ਪਨਾਹ, ਉਨ੍ਹਾਂ ਦਾ ਆਸਰਾ ਹੁੰਦਾ ਹੈਂ।
ਪੰਜਵੇਂ ਨਾਨਕ ਬਚਨ ਕਰਦੇ ਹਨ ਕਿ ਜਿਵੇਂ ਤੂੰ ਮੈਨੂੰ ਰਖਦਾ ਹੈਂ ਮੈਨੂੰ ਉਸੇ ਹਾਲ ਵਿਚ ਹੀ ਖੁਸ਼ ਰਹਿਣਾ ਹੈ ਕਿਉਂਕਿ ਇਸ ਤੋਂ ਬਿਨਾਂ ਮੇਰਾ ਹੋਰ ਕੋਈ ਚਾਰਾ ਨਹੀਂ। ਹੇ ਵਾਹਿਗੁਰੂ ਤੂੰ ਉਨ੍ਹਾਂ ਦੀ ਧਿਰ ਹੈਂ ਜਿਨ੍ਹਾਂ ਦੀ ਕੋਈ ਧਿਰ ਨਹੀਂ, ਤੇਰਾ ਨਾਮ ਹੀ ਉਨ੍ਹਾਂ ਦਾ ਅਧਾਰ ਹੈ Support ਹੈ - 'ਜਿਉ ਤੁਮ੍ ਰਾਖਹੁ ਤਿਉ ਰਹਾ ਅਵਰੁ ਨਹੀ ਕੋ ਚਾਰਾ॥ ਨੀਧਰਿਆ ਧਰ ਤੇਰੀਆ ਇਕ

ਨਾਮ ਅਧਾਰਾ॥', ਪੰਨਾ ੮੦੯.

**ਅਰਥ :** ਤੂੰ ਗਰੀਬਾਂ, ਨਿਮਾਣਿਆਂ ਤੇ ਮਿਹਰ ਕਰਨ ਵਾਲਾ ਹੈਂ, ਇਸ ਲਈ ਹੇ ਮਨੁਖ ! ਤੂੰ ਦਿਨ ਰਾਤ ਉਸ ਨੂੰ ਸਿਮਰਿਆ ਕਰ, ਧਿਆਇਆ ਕਰ, ਨਾਮ ਜਪਿਆ ਕਰ।੩।

ਇਸੇ ਕਰ ਕੇ ਸੇਖ ਫਰੀਦ ਜੀ ਨੇ ਅਰਜੋਈ ਵੀ ਕੀਤੀ ਹੈ ਕਿ ਹੇ ਖ਼ੁਦਾ ਮੈਂ ਤੇਰੀ ਪਨਾਹ, ਸ਼ਰਣ ਵਿਚ ਆਇਆ ਹਾਂ ਤੂੰ ਸਦਾ ਬਖ਼ਸ਼ਿਸ਼ ਕਰਨ ਵਾਲਾ ਹੈਂ, ਸੇਖ ਫਰੀਦ ਦੀ ਝੋਲੀ ਵਿਚ ਆਪਣੀ ਬੰਦਗੀ, ਨਾਮ, ਸਿਮਰਣ ਦੀ ਖ਼ੈਰ, ਭਿਖਿਆ ਪਾ ਦੇ - 'ਤੇਰੀ ਪਨਹ ਖੁਦਾਇ ਤੂ ਬਖਸੰਦਗੀ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ॥', ਅੰਕ ੪੮੮. ਸ੍ਰੀ ਗੁਰੂ ਨਾਨਕ ਸਾਹਿਬ ਨੇ ਸਪੱਸ਼ਟ ਕੀਤਾ ਹੈ ਕਿ ਪ੍ਰਭੂ, ਦਿਨ ਰਾਤ ਬੜੇ ਧਿਆਨ ਨਾਲ ਜੀਵਾਂ ਦੀ ਸਮਾਲ ਕਰਦਾ ਹੈ, ਪੂਰਬਲੀ ਕੀਤੀ ਭਗਤੀ ਕਮਾਈ ਦੇ ਹਿਸਾਬ ਨਾਲ ਸੁਖ ਦੁਖ ਦਿੰਦਾ ਹੈ ਪਰ ਦਾਸ, ਮਾੜੇ ਕਰਮਾਂ ਦੇ ਬਾਵਜੂਦ ਭਿਖਿਆ ਵਿਚ ਨਾਮ ਦੀ ਦਾਤ ਦੀ ਮੰਗ ਕਰਦਾ ਹੈ, ਕਿਉਂਕਿ ਉਹ ਬਖ਼ਸ਼ੰਦ ਵੀ ਹੈ - 'ਅਹਿਨਿਸਿ ਜੀਆ ਦੇਖਿ ਸਮ੍ਹਾਲੈ ਸੁਖੁ ਦੁਖੁ ਪੁਰਬਿ ਕਮਾਈ॥ ਕਰਮਹੀਣੁ ਸਚੁ ਭੀਖਿਆ ਮਾਂਗੈ ਨਾਨਕ ਮਿਲੈ ਵਡਾਈ॥', ਅੰਕ ੧੩੩੦. ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਮੈਂ ਤਾਂ ਮੰਦ ਕਰਮੀ ਹਾਂ, ਤੂੰ ਖਸਮ ਗੁਣਾਂ ਨਾਲ ਭਰਪੂਰ ਹੈਂ, ਮੈਂ ਗੁਣਹੀਨ ਹਾਂ, ਮੈਨੂੰ ਵਿਚਾਰੇ ਗੁਣਹੀਨ ਨੂੰ ਬਖ਼ਸ਼ ਲੈ - 'ਮੈ ਕਰਮਹੀਣ ਕਬ ਹੀ ਗਲਿ ਲਾਵੈ॥..ਤੂ ਪਿਰੁ ਗੁਣਵੰਤਾ ਹਉ ਅਉਗੁਣਿਆਰਾ॥ ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ॥', ਅੰਕ ੫੬੧.

**ਨਾਨਕ ਕਉ ਖੁਦਿ ਖਸਮ ਮਿਹਰਵਾਨੁ ॥**
**ਅਲਹੁ ਨ ਵਿਸਰੈ ਦਿਲ ਜੀਅ ਪਰਾਨ ॥੪॥੧੦॥**

**ਅਰਥ :** ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਜਿਸ ਉਤੇ ਮਾਲਕ ਅਲ੍ਹਾ ਪ੍ਰਭੂ ਆਪ ਮਿਹਰਬਾਨ ਹੋ ਜਾਂਦਾ ਹੈ -

**ਅਰਥ :** ਉਸ ਮਨੁਖ ਨੂੰ ਉਹ ਅਲ੍ਹਾ ਦਿਲ ਤੋਂ, ਮਨ ਤੋਂ ਪ੍ਰਾਣਾਂ ਤੋਂ ਕਦੇ ਨਹੀਂ ਭੁਲਦਾ, ਸਦਾ ਚੇਤੇ ਰਹਿੰਦਾ ਹੈ, ਉਹ ਹਰ ਵੇਲੇ ਉਸ ਨੂੰ ਸਿਮਰਦਾ ਰਹਿੰਦਾ ਹੈ।੪।੧੦।, ਭਾਵ, ਹਰ ਵਕਤ ਦੀ ਅਲ੍ਹਾ ਦੀ ਯਾਦ, ਸਿਮਰਨ ਪ੍ਰਭੂ ਦੀ ਕਿਰਪਾ ਨਾਲ ਹੀ ਮਿਲਦੇ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਤੇ ਉਹ ਕਰਤਾਰ, ਵਾਹਿਗੁਰੂ ਆਪ ਬਖ਼ਸ਼ਿਸ਼ ਕਰ ਦਿੰਦਾ ਹੈ, ਉਹ ਬੈਠਦਿਆਂ, ਉਠਦਿਆਂ ਕਦੇ ਨਹੀਂ ਭੁਲਦੇ, ਸਦਾ ਉਸ ਮਾਲਕ ਨੂੰ ਸਿਮਰਦੇ ਰਹਿੰਦੇ ਹਨ - 'ਤਿਨ ਬਹਿਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ॥', ਅੰਕ ੧੪੨੨. ਪੰਜਵੇਂ ਪਾਤਸ਼ਾਹ ਦੇ ਬਚਨ ਹਨ ਕਿ ਜਿਸ ਤੇ ਪ੍ਰਭੂ ਆਪਣੀ ਮਿਹਰ ਕਰ ਦਏ ਤਾਂ ਉਹ ਰਤਾ ਜਿਨੇ ਸਮੇਂ ਲਈ ਵੀ ਉਸ ਪ੍ਰਭੂ ਨੂੰ ਨਹੀਂ ਭੁਲਦਾ, ਸਦਾ ਹੀ ਸਿਮਰਦਾ ਹੈ - 'ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ॥', ਅੰਕ ੪੯.

'ਚਸਾ' ਦੀ ਵਿਆਖਿਆ ਕਰਦਿਆਂ ਮਹਾਨ ਕੋਸ਼ ਦੇ ਕਰਤਾ ਨੇ ਸਮੇਂ ਦੀ ਵੰਡ ਇਉਂ ਦਸੀ ਹੈ : ੧੫ ਨਿਮਖ ਦਾ ਵਿਸਾ, ੧੫ ਵਿਸੇ ਦਾ ਚਸਾ, ੩ ਚਸੇ ਦਾ ਪਲ, ੬੦ ਪਲ ਦੀ ਘੜੀ, ੮ ਘੜੀ ਦਾ ਪਹਿਰ, ੮ ਪਹਿਰ ਜਾਂ ੬੦ ਘੜੀ ਦਾ ਦਿਨ-ਰਾਤ।

ਵਾਹਗੁਰੂ ਕਿਰਪਾ ਕਰੇ ਅਸੀਂ ਵੀ ਉਸ ਦੇ ਤੰਗ-ਨਤਿਆਂ ਦੀ ਸੰਗਤਿ ਕਰਦੇ ਰਹੀਏ ਅਤੇ ਨਾਮ ਜਪਦੇ, ਸਿਮਰਨ ਕਰਦੇ ਰਹੀਏ।

